# Parent-Teacher Interviews



## ਮਾਪਿਆਂ ਅਤੇ ਅਧਿਆਪਕਾਂ ਦੀਆਂ ਮੁਲਾਕਤਾਂ ਲਈ ਕੁਝ ਗੁਰ (ਟਿਪਸ)

ਮਾਪਿਆਂ ਅਤੇ ਅਧਿਆਪਕਾਂ ਦੀਆਂ ਮੁਲਾਕਾਤਾਂ ਦਾ ਪਰਬੰਧ, ਸਾਲ ਵਿਚ ਦੋ ਜਾਂ ਤਿੰਨ ਵਾਰ ਹਰੇਕ ਟੱਰਮ ਦੇ ਅੰਤ ਵਿਚ, ਜਦੋਂ ਰਿਪੋਰਟ ਕਾਰਡ ਘਰ ਭੇਜੇ ਜਾਂਦੇ ਹਨ, ਉਸ ਸਮੇਂ ਕੀਤਾ ਜਾਂਦਾ ਹੈ. ਇਹ ਇਕ ਮੌਕਾ ਹੁੰਦਾ ਹੈ ਜਦੋਂ ਮਾਪੇ ਅਤੇ ਅਧਿਆਪਕ ਇਸ ਬਾਬਤ ਵਿਚਾਰ ਵਟਾਂਦਰਾ ਕਰ ਸਕਦੇ ਹਨ ਕਿ ਸਕੂਲ ਵਿਚ ਬੱਚੇ ਦੀ ਸਫਲਤਾ ਲਈ ਸਹਾਇਤਾ ਕਿਵੇਂ ਕੀਤੀ ਜਾ ਸਕਦੀ ਹੈ. ਆਮ ਕਰਕੇ ਇਹ ਥੋੜੇ ਸਮੇਂ, ਤਕਰੀਬਣ 10-15 ਮਿੰਟਾਂ ਦੀਆਂ ਹੁੰਦੀਆਂ ਹਨ. ਏਸ ਥੋੜੇ ਸਮੇਂ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਇਸ ਮੁਲਾਕਾਤ ਲਈ ਤਿਆਰੀ ਕਰਨਾ ਬਹੁਤ ਜ਼ਰੂਰੀ ਹੈ. ਜੇਕਰ ਤੁਹਾਨੂੰ ਖੁੱਲ੍ਹੇ ਸਮੇਂ ਦੀ ਲੋੜ ਹੈ ਤਾਂ ਤੁਸੀਂ ਕਿਸੇ ਹੋਰ ਸਮੇਂ ਲਈ ਮੁਲਾਕਾਤ ਦੀ ਮੰਗ ਕਰ ਸਕਦੇ ਹੋ.

### 1. ਤਿਆਰੀ

ਆਪਣੇ ਬੱਚੇ ਦਾ ਰਿਪੋਰਟ ਕਾਰਡ ਪੜ੍ਹੋ. ਆਪਣੇ ਸਵਾਲ ਅਤੇ ਸਮਸਿਆਵਾਂ ਨੂੰ ਨੋਟ ਕਰ ਲਵੋ. ਰਿਪੋਰਟ ਬਾਬਤ ਆਪਣੇ ਬੱਚੇ ਨਾਲ ਗੱਲ ਬਾਤ ਕਰੋ. ਜੋ ਕੁਝ ਤੁਸੀਂ ਅਧਿਆਪਕ ਤੋਂ ਪੁਛਣਾ ਚਾਹੁੰਦੇ ਹੋ ਉਸਦੀ ਇਕ ਲਿਸਟ ਬਣਾ ਲਵੋ.

### 2. ਸਵਾਲ ਕਰਨਾ

ਸਮੇਂ ਤੇ ਪਹੁੰਚੋ. ਆਪਣੇ ਪ੍ਰਸ਼ਨ ਨਾਲ ਲੈਕੇ ਜਾਵੋ. ਅਧਿਆਪਕ ਤੁਹਾਡੇ ਬੱਚੇ ਦੇ ਰਿਪੋਰਟ ਕਾਰਡ ਤੇ ਵਿਚਾਰ ਕਰੇਗਾ ਜਾਂ ਉਸਦੇ ਕੰਮ ਦੇ ਨਮੂਨੇ ਦਿਖਾਵੇਗਾ. ਅਧਿਆਪਕ ਨੂੰ ਦਸੋ ਕਿ ਤੁਹਾਡਾ ਬੱਚਾ ਸਕੂਲ ਬਾਬਤ ਕੀ ਪਸੰਦ ਕਰਦਾ ਹੈ ਅਤੇ ਕੀ ਨਹੀਂ ਪਸੰਦ ਕਰਦਾ. ਜੇ ਤੁਹਾਡੇ ਵਿਚਾਰ ਅਨੁਸਾਰ ਸਕੂਲ ਦਾ ਕੰਮ ਜ਼ਿਆਦਾ ਜਾਂ ਘਟ ਹੈ ਤਾਂ ਅਧਿਆਪਕ ਨੂੰ ਦਸੋ. ਮਾਪਿਆਂ ਦੀ ਅਧਿਆਪਕ ਨਾਲ ਮੁਲਾਕਾਤ ਬਿਲਕੁਲ ਵਿਸ਼ਵਾਸ਼ ਯੋਗ ਹੁੰਦੀ ਹੈ. ਉਹ ਜਾਣਕਾਰੀ ਜਿਹੜੀ ਸਕੂਲ ਵਿਚ ਤੁਹਾਡੇ ਬੱਚੇ ਦੀ ਪਰਗਤੀ ਜਾਂ ਵਤੀਰੇ ਤੇ ਅਸੱਰ ਕਰ ਰਹੀ ਹੋਵੇ, ਅਧਿਅਪਕ ਨਾਲ ਸਾਂਝੀ ਕਰੋ (ਜਿਵੇਂ ਪਰਿਵਾਰਕ ਬਿਮਾਰੀ, ਨੌਕਰੀ ਦੀ ਭਾਲ ). ਇਹ ਜਾਣਕਾਰੀ, ਤਹਾਡੇ ਬੱਚੇ ਨੂੰ ਬੇਹਤਰ ਸਮਝਣ ਵਿਚ ਅਧਿਆਪਕ ਦੀ ਸਹਾਇਤਾ ਕਰੇਗੀ.

- ਮੇਰਾ ਬੱਚਾ ਕੀ ਕੁਝ ਵਧੀਆ ਕਰ ਸਕਦਾ ਹੈ?
- ਉਸਦੀਆਂ ਕਿਹੜੀਆਂ ਮੁਹਾਰਤਾਂ ਨੂੰ ਹਾਲੇ ਵਿਕਾਸ ਦੀ ਲੋੜ ਹੈ?
- ਕੀ ਮੇਰੇ ਬੱਚੇ ਨੂੰ ਅਧਿਕ ਸਹਾਇਤਾ ਮਿਲ ਰਹੀ ਹੈ? ਕਿਹੜਿਆਂ ਵਿਸ਼ਿਆਂ (ਸਬਜੈਕਟਸ) ਵਿਚ?
- ਘਰ ਲਈ ਸਕੂਲ ਦੇ ਕੰਮ ਬਾਬਤ ਤੁਹਾਡੀ ਕੀ ਨੀਤੀ ਹੈ? ਮੇਰੇ ਬੱਚੇ ਨੂੰ ਘਰ ਲਈ ਸਕੂਲ ਦਾ ਕੰਮ ਕਰਨ ਤੇ ਕਿੰਨਾ ਸਮਾਂ ਬਿਤਾਉਣਾ ਚਾਹੀਦਾ ਹੈ?
- ਮੇਰਾ ਬੱਚਾ ਦੂਸਰੇ ਵਿਦਿਆਰਥੀਆਂ ਨਾਲ ਕਿਵੇਂ ਨਿਭਾ ਰਿਹਾ ਹੈ?
- ਮੈਂ ਘਰ ਵਿਚ ਆਪਣੇ ਬੱਚੇ ਦੀ ਕਿਵੇਂ ਸਹਾਇਤਾ ਕਰ ਸਕਦਾ/ਸਕਦੀ ਹਾਂ?
- ਜੇ ਮੇਰੇ ਕੋਈ ਹੋਰ ਪ੍ਰਸ਼ਨ ਹੋਣ ਤਾਂ ਤੁਹਾਡੇ ਨਾਲ ਮੈਂ ਕਿਵੇਂ ਸੰਪਰਕ ਕਰ ਸਕਦਾ/ਸਕਦੀ ਹਾਂ?

ਮੁਲਾਕਾਤ ਕਰਦੇ ਸਮੈਂ ਨੋਟ ਬਣਾ ਲਵੋ ਜਿਸ ਨਾਲ ਤੁਸੀਂ ਬੱਚੇ ਨਾਲ ਇਹ ਵਿਚਾਰ ਸਾਂਝੇ ਕਰ ਸਕੋ.

### ੨. ਦਰਿੜ੍ਹ ਕਰਨਾ

ਆਪਣੇ ਬੱਚੇ ਨਾਲ ਗੱਲ ਬਾਤ ਕਰੋ. ਜਿਹੜੀਆਂ ਚੰਗੀਆਂ ਗੱਲਾ ਅਧਿਆਪਕ ਨੇ ਕੀਤੀਆਂ ਹਨ ਉਨਹਾਂ ਤੇ ਜੋਰ ਦਿਉ. ਇਸ ਬਾਬਤ ਗੱਲ ਬਾਤ ਕਰੋ ਕਿ ਜਿਥੇ ਸੁਧਾਰ ਦੀ ਲੋੜ ਹੈ, ਅਧਿਆਪਕ ਅਤੇ ਤੁਸੀਂ ਮਿਲਕੇ ਕਿਵੇਂ ਉਸਦੀ ਸਹਾਇਤਾ ਕਰੋਗੇ.

people for Education
BECAUSE EDUCATION MATTERS MOST

Copies are available in several languages at *www.peopleforeducation.com.*

For more information, call 416-534-0100 or email: *info@peopleforeducation.com*
© People for Education 2009
THE ONTARIO TRILLIUM FOUNDATION
LA FONDATION TRILLIUM DE L'ONTARIO

toronto community foundation